ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।

(ਕੋਆਰਡੀਨੇਸ਼ਨ ਸ਼ਾਖਾ)

(email. dgsecoordination@punjabeducation.gov.in)

---

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
2. ਸਮੂਹ ਸਕੂਲ ਮੁਖੀ, ਪੰਜਾਬ।

ਮੀਮੋ ਨੰ. 299686/DPISE-Cord/12/2025/17101-102

ਮਿਤੀ: 20-01-2025

ਵਿਸ਼ਾ:- ਬੱਚੇ ਕ੍ਰਿਸ਼ਨਾ ਅਤੇ ਸੰਕਰ ਦੇ ਪਰਿਵਾਰ/ਮਾਪਿਆਂ ਦੀ ਭਾਲ ਸਬੰਧੀ।

ਹਵਾਲਾ: ਪੰਜਾਬ ਸਟੇਟ ਅਡਾਪਸ਼ਨ ਰਿਸੋਰਸ ਏਜੰਸੀ, ਡਾਇਰੈਕਟੋਰੇਟ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਦਾ ਪੱਤਰ ਨੰ. ਮਿ.ਵ./ਸਾਰਾ/2025/41962-83 ਮਿਤੀ 08.01.2024.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

17-01-25

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪੰਜਾਬ ਸਟੇਟ ਅਡਾਪਸ਼ਨ ਰਿਸੋਰਸ ਏਜੰਸੀ
ਡਾਇਰੈਕਟੋਰੇਟ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ, ਪੰਜਾਬ,
ਐਸ.ਸੀ.ਓ. ਨੰ: 102-103, ਸੈਕਟਰ 34-ਏ, ਚੰਡੀਗੜ੍ਹ।
ਫੋਨ ਨੰ: 0172-2602726,2608746, ਈ.ਮੇਲ: dsswcd@punjab.gov.in

ਸੇਵਾ ਵਿਖੇ

ਡਾਇਰੈਕਟਰ ਜਨਰਲ
ਪੰਜਾਬ ਸਕੂਲ ਸਿੱਖਿਆ ਵਿਭਾਗ,
ਪੰਜਾਬ ਰਾਜ।

**ਮੀਮੋ ਨੰ: ਮਿ.ਵ./ਸਾਰਾ/2025/** 41982-83
**ਮਿਤੀ, ਚੰਡੀਗੜ੍ਹ।** 08-01-2025

**ਵਿਸ਼ਾ- ਬੱਚੇ ਕ੍ਰਿਸਨਾ ਅਤੇ ਸ਼ੰਕਰ ਦੇ ਪਰਿਵਾਰ /ਮਾਪਿਆਂ ਦੀ ਭਾਲ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ 02 ਬੱਚੇ ਕ੍ਰਿਸ਼ਨਾ (ਉਮਰ ਲਗਭਗ 08 ਸਾਲ) ਅਤੇ ਸ਼ੰਕਰ (ਉਮਰ ਲਗਭਗ 04 ਸਾਲ) ਮਿਤੀ 11.08.2024 ਨੂੰ ਰੇਲਵੇ ਸਟੇਸ਼ਨ, ਬਠਿੰਡਾ ਤੇ ਲਾਵਾਰਿਸ ਮਿਲੇ ਸਨ ਅਤੇ ਇਨਾਂ ਸਬੰਧੀ ਡੀ.ਡੀ.ਆਰ ਨੰ 022 ਮਿਤੀ 11.08.2024 ਪੁਲਿਸ ਸਟੇਸ਼ਨ ਜੀ.ਪੀ.ਆਰ, ਬਠਿੰਡਾ ਵਿਖੇ ਦਰਜ ਹੈ। ਬਾਲ ਭਲਾਈ ਕਮੇਟੀ ਬਠਿੰਡਾ ਵੱਲੋ ਇਨਾਂ ਬੱਚਿਆਂ ਨੂੰ ਚਿਲਡਰਨ ਹੋਮ-ਅਨੰਤ ਅਨਾਥ ਆਸਰਮ, ਬਠਿੰਡਾ ਵਿਖੇ ਭੇਜਿਆ ਗਿਆ ਹੈ।

ਇੱਥੇ ਇਹ ਦੱਸਣਯੋਗ ਹੈ ਕਿ ਬੱਚੇ ਕ੍ਰਿਸਨਾਂ ਨੇ ਕਾਂਉਸਲਿੰਗ ਦੌਰਾਨ ਦੱਸਿਆ ਕਿ ਉਹ ਦੋਵੇ ਸਕੇ ਭਰਾ ਹਨ ਅਤੇ ਉਨਾਂ ਦੇ ਪਿਤਾ ਦਾ ਨਾਂ ਵਿਸ਼ਨੂੰ ਅਤੇ ਮਾਤਾ ਦਾ ਨਾਂ ਪੂਨਮ ਹੈ ਅਤੇ ਉਸਦੀ ਇਕ ਵੱਡੀ ਭੈਣ ਹੈ ਜਿਸਦਾ ਨਾਂ ਜ਼ੋਤੀ ਹੈ। ਬੱਚਾ ਕ੍ਰਿਸਨਾਂ ਵਧੀਆ ਪੰਜਾਬੀ ਲਿਖਣਾਂ ਅਤੇ ਪੜਨਾਂ ਜਾਣਦਾ ਹੈ ਅਤੇ ਉਸਨੇ ਇਹ ਵੀ ਦੱਸਿਆ ਹੈ ਕਿ ਉਹ ਸਰਕਾਰੀ ਸਕੂਲ ਵਿਚ ਪੜਦਾ ਹੈ, ਪਰੰਤੂ ਬੱਚਾ ਆਪਣੇ ਪਿੰਡ ਅਤੇ ਸਕੂਲ ਦਾ ਨਾਂ ਦੱਸਣ ਵਿਚ ਅਸਮੱਰਥ ਹੈ।

ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੱਚੇ ਕ੍ਰਿਸ਼ਨਾਂ ਅਤੇ ਸ਼ੰਕਰ ਦੀ ਫੋਟੋ ਅਤੇ ਜਾਣਕਾਰੀ ਸਮੂਹ ਐਲੀਮੈਂਟਰੀ ਅਤੇ ਸੈਕੰਡਰੀ ਸਕੂਲ ਦੇ ਪ੍ਰਿੰਸੀਪਲਾਂ ਨਾਲ ਸਾਂਝੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ਤਾਂ ਜ਼ੋ ਕਿ ਬੱਚਿਆਂ ਦੇ ਪਰਿਵਾਰ ਦੀ ਭਾਲ ਕਰਕੇ ਬੱਚਿਆਂ ਦਾ ਮੁੜ ਵਸੇਵਾ ਕੀਤਾ ਜਾ ਸਕੇ ਜੀ।

ਇਸ ਸਬੰਧੀ ਜਾਣਕਾਰੀ ਫੋਨ ਨੰ 9915466455 (ਯਾਦਵਿੰਦਰ ਕੌਰ, ਪ੍ਰੋਟੈਕਸ਼ਨ ਅਫਸਰ) ਅਤੇ ਈ.ਮੇਲ ਆਈ.ਡੀ. saraicpspunjab@gmail.com ਤੇ ਸਾਂਝੀ ਕੀਤੀ ਜਾਵੇ ਜੀ।

ਨੱਥੀ: ਬੱਚਿਆਂ ਦੀ ਫੋਟੋ

ਡਿਪਟੀ ਡਾਇਰੈਕਟਰ- 4
ਵਾ. ਡਾਇਰੈਕਟਰ
ਸਮਾਜਿਕ ਸੁਰੱਖਿਆ ਅਤੇ
ਇਸਤਰੀ ਤੇ ਬਾਲ ਵਿਕਾਸ, ਪੰਜਾਬ.

ਪਿ.ਅੰ.ਨੰ: ਮਿ.ਵ./ਸਾਰਾ/2025/ 41983 ਮਿਤੀ: 08-01-2025

ਉਪਰੋਕਤ ਦਾ ਇਕ ਉਤਾਰਾ ਜਿਲਾ ਪ੍ਰੋਗਰਾਮ ਅਫਸਰ, ਬਠਿੰਡਾ ਅਤੇ ਜਿਲਾ ਬਾਲ ਸੁਰੱਖਿਆ ਅਫਸਰ, ਬਠਿੰਡਾ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ- 4
ਵਾ. ਡਾਇਰੈਕਟਰ
ਸਮਾਜਿਕ ਸੁਰੱਖਿਆ ਅਤੇ
ਇਸਤਰੀ ਤੇ ਬਾਲ ਵਿਕਾਸ, ਪੰਜਾਬ.

## General Diary Details
## ਜਨਰਲ ਡਾਇਰੀ ਦੇ ਵੇਰਵੇ

State (ਰਾਜ ): PUNJAB

P.S. (ਥਾਣਾ): GRP BATHINDA

District (ਜ਼ਿਲ੍ਹਾ): GOVT.RLY POLICE

a) G.D. No. (ਰੋਜਨਾਮਚਾ ਨੰ.): 022

b) G.D. Date (ਰੋਜਨਾਮਚਾ ਮਿਤੀ): 11/08/2024 13:17 hrs

c) G.D. Type (ਰੋਜਨਾਮਚਾ ਕਿਸਮ): Departure

d) Entry (for Officer) (ਦਾਖਲਾ (ਅਫ਼ਸਰ ਲਈ)): ASI (Assistant Sub-Inspector)/ SHAVINDER KUMAR/

e) GD Subject (ਰੋਜਨਾਮਚਾ ਵਿਸ਼ਾ): ਆਮਦ ਲਵਾਰਿਸ ਬੱਚੇ ਬਾ ਰਵਾਨਗੀ

f) G.D. Brief (ਰੋਜਨਾਮਚਾ ਸੰਖੇਪ):

ਇਸ ਵਕਤ ਦਰਜ ਹੈ ਕਿ ਮਨ LR/ASI ਹਾਜਰ ਥਾਣਾ ਹਾਜਰ ਸੀ ਤਾ ਪ੍ਰੈਸੰਜਰ ਪਿੰਕੀ ਪਤਨੀ ਪ੍ਰੀਤਮ ਵਾਸੀ ਪੱਖੋਂ ਕੈਚੀਆ (ਸਰਪੰਚ ਦੇ ਘਰ ਦੇ ਕੋਲ) ਜਿਲਾ ਬਰਨਾਲਾ ਜੋ ਟਰੇਨ ਪਤਾਲ ਕੋਟ EXP ਰਾਹੀ ਬਠਿੰਡਾ ਆ ਰਹੇ ਸੀ,ਜਿਹਨਾ ਨੇ ਥਾਣਾ ਹਾਜਰ ਆਕਰ 02 ਲਵਾਰਿਸ ਬੱਚੇ ਜਿਹਨਾ ਦੀ ਉਮਰ ਕਰੀਬ 06 ਸਾਲ ਅਤੇ ਦੂਸਰੇ ਬੱਚੇ ਦੀ ਉਮਰ ਕਰੀਬ 03 ਸਾਲ ਮਨ LR/ASI ਦੇ ਪੇਸ਼ ਕੀਤੇ।ਜਿਸਤੇ ਵੱਡੇ ਉਸਦਾ ਨਾਮ ਪਤਾ ਪੁੱਛਣ ਪਰ ਆਪਣਾ ਨਾਮ ਕ੍ਰਿਸ਼ਨਾ ਮਾਤਾ ਦਾ ਨਾਮ ਪੂਨਮ,ਚਾਚਾ ਦਾ ਨਾਮ ਸ਼ਿਵਾ,ਜਿਸ ਨੇ ਦੱਸਿਆ ਕਿ ਮੈ ਜਗਤਾ ਪ੍ਰਾਈਮਰੀ ਸਕੂਲ ਵਿੱਚ ਤੀਜੀ ਕਲਾਸ ਵਿੱਚ ਪੜਦਾ ਹਾਂ ਮੇਰੀ ਮੈਡਮ ਦਾ ਨਾਮ ਸੁਨਮ ਦੱਸ ਰਿਹਾ ਹੈ ਅਤੇ ਉਸਦਾ ਛੋਟਾ ਸਕਾ ਭਰਾ ਜਿਸਦਾ ਨਾਮ ਸ਼ੰਕਰ ਹੈ।ਜਿਸ ਸਬੰਧੀ ਮਨ LR/ASI ਨੇ ਸਦਰ ਥਾਣਾ ਪੂਰਨੀਆ ਬਿਹਾਰ ਅਤੇ ਥਾਣਾ ਕਠਿਹਾਰ ਬਿਹਾਰ ਨਾਲ ਸੰਪਰਕ ਕੀਤਾ ਗਿਆ ਅਤੇ ਉਕਤ ਬੱਚਿਆ ਦੀਆ ਫੋਟੋਆ ਅਤੇ ਨਾਮ ਪਤਾ ਲਿਖ ਕਰ ਬਜਰੀਆ ਵੱਟਸਐੱਪ ਭੇਜੀ ਗਈ।ਕੰਟਰੋਲ ਰੂਮ GRP ਪਟਿਆਲਾ ਅਤੇ PPCR ਚੰਡੀਗੜ ਨੂੰ ਵੀ ਬਜਰੀਆ ਮੋਬਾਇਲਫੋਨ ਅਤੇ ਮੇਲ ਰਾਹੀ ਜਾਣੂ ਕਰਵਾਇਆ ਗਿਆ। ਮਨ LR/ASI ਸਮੇਤ CT ਗੁਰਜੀਤ ਕੁਮਾਰ ਸ਼ਰਮਾ 148 ਸਮੇਤ ਦੋਨੋ ਲੜਕੇ ਮੈਡੀਕਲ ਕਰਵਾਉਣ ਲਈ ਰਵਾਨਾ ਸਿਵਲ ਹਸਪਤਾਲ ਬਠਿੰਡਾ ਹੁੰਦਾ ਹਾਂ। ਬਾਅਦ ਕਰਾਉਣੇ ਮੈਡੀਕਲ ਹਵਾਲੇ CHILD CARE CENTER ਕੀਤਾ ਜਾਵੇਗਾ।ਰਪਟ ਇਤਲਾਹਨ ਦਰਜ ਹੈ।

Report Printed on (ਰਿਪੋਰਟ ਛਾਪਣ ਦੀ ਮਿਤੀ): 11/08/2024

Report Printed by (ਜਿਸ ਨੇ ਰਿਪੋਰਟ ਛਾਪੀ): MALKIT SINGH

Signature (ਹਸਤਾਖਰ):

Name (ਨਾਮ): MALKIT SINGH

Rank (ਦਰਜਾ): ASI (Assistant Sub-Inspector)

No.(ਨੰ.): 1015/GRP

ਰੇਲਵੇ ਪੁਲਿਸ ਬਠਿੰਡਾ

Report Printed on (ਰਿਪੋਰਟ ਛਾਪਣ ਦੀ ਮਿਤੀ): 11/08/2024

Report Printed by (ਜਿਸ ਨੇ ਰਿਪੋਰਟ ਛਾਪੀ): MALKIT SINGH

Signature (ਹਸਤਾਖਰ): ਮਲਕੀਤ ਸਿੰਘ ASI/1015

Name (ਨਾਮ): MALKIT SINGH

Rank (ਦਰਜਾ): ASI (Assistant Sub-Inspector)

No.(ਨੰ.): 1015/GRP



Scanned with OKEN Scanner



**Krishna**



**Shankar**